ਸਰਵਿਕਸ ਸਕ੍ਰੀਨਿੰਗ ਲਈ ਸੱਦਾ

Notice Date

JANE SAMPLE
123 SAMPLE AVENUE
CITY, PROVINCE, POSTAL CODE

ਪਿਆਰੀ Jane,

ਮੈਂ ਤੁਹਾਨੂੰ ਸਰਵਿਕਸ ਕੈਂਸਰ ਦੀ ਸਕ੍ਰੀਨਿੰਗ ਲਈ ਆਪਣੀ ਯੋਨੀ 'ਚੋਂ ਖੁਦ ਨਮੂਨਾ ਇਕੱਠਾ ਕਰਨ ਵਾਲੀ ਸਰਵਿਕਸ ਸਵੈ-ਸਕ੍ਰੀਨਿੰਗ ਕਿੱਟ ਮੰਗਵਾਉਣ ਲਈ ਸੱਦਾ ਦਿੰਦੀ ਹਾਂ। ਇਹ ਕਿੱਟ ਹਿਊਮਨ ਪੈਪਿਲੋਮਾਵਾਇਰਸ (HPV) ਦੀ ਜਾਂਚ ਕਰਦੀ ਹੈ, ਜੋ ਸਰਵਾਈਕਲ ਕੈਂਸਰ ਦਾ ਕਾਰਨ ਬਣਨ ਵਾਲਾ ਵਾਇਰਸ ਹੈ। ਜੇਕਰ ਤੁਸੀਂ ਪਿਛਲੇ 3 ਮਹੀਨਿਆਂ ਵਿੱਚ ਸਰਵਿਕਸ ਸਕ੍ਰੀਨਿੰਗ (ਜਿਵੇਂ ਕਿ ਪੈਪ ਟੈਸਟ ਜਾਂ ਸਵੈ-ਸਕ੍ਰੀਨਿੰਗ) ਕਰਵਾ ਚੁੱਕੇ ਹੋ, ਤਾਂ ਕਿਰਪਾ ਕਰਕੇ ਇਸ ਪੱਤਰ ਨੂੰ ਨਜ਼ਰਅੰਦਾਜ਼ ਕਰੋ।

ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭ ਕੇ ਜਾਂ ਇਸ ਨੂੰ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਰੋਕ ਕੇ ਜਾਨਾਂ ਬਚਾਉਂਦੀ ਹੈ, ਭਾਵੇਂ ਕਿ ਤੁਸੀਂ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰਦੇ ਹੋਵੋ ਅਤੇ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਇਹ ਕਰਵਾਉਣਾ ਮਹੱਤਵਪੂਰਨ ਹੈ ਭਾਵੇਂ ਤੁਹਾਡੇ ਪਰਿਵਾਰ ਵਿੱਚ ਕੈਂਸਰ ਦਾ ਕੋਈ ਇਤਿਹਾਸ ਨਾ ਵੀ ਹੋਵੇ।

ਸਵੈ-ਸਕ੍ਰੀਨਿੰਗ ਕਿੱਟ:

- ✓ **ਕਰਨ ਵਿੱਚ ਬਹੁਤ ਆਸਾਨ:** ਤੁਹਾਡੀ ਯੋਨੀ (ਸਰਵਿਕਸ ਨਹੀਂ) ਤੋਂ ਚੰਗਾ ਨਮੂਨਾ ਇਕੱਠਾ ਕਰਨ ਲਈ ਸਿਰਫ਼ 20 ਸਕਿੰਟ ਲੱਗਦੇ ਹਨ। ਇਹ ਟੈਸਟ ਸੁਰੱਖਿਅਤ ਹੈ ਅਤੇ ਇਸ ਨਾਲ ਦਰਦ ਨਹੀਂ ਹੋਣਾ ਚਾਹੀਦਾ। ਸਬੂਤ ਦੱਸਦੇ ਹਨ ਕਿ ਯੋਨੀ ਦਾ ਨਮੂਨਾ ਲੈਣ ਵਿੱਚ ਤੁਸੀਂ ਵੀ ਕਿਸੇ ਸਿਹਤ-ਸੰਭਾਲ ਪ੍ਰੋਫੈਸ਼ਨਲ ਜਿੰਨੇ ਹੀ ਸਮਰੱਥ ਹੋ।
- ✓ **ਨਿੱਜੀ:** ਤੁਸੀਂ ਇਸਨੂੰ ਖੁਦ ਕਰ ਸਕਦੇ ਹੋ, ਜਿੱਥੇ ਵੀ ਤੁਸੀਂ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਕਰਦੇ ਹੋਵੋ, ਜਿਵੇਂ ਕਿ ਆਪਣੇ ਘਰ ਵਿੱਚ ਜਾਂ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਦੇ ਦਫ਼ਤਰ ਵਿੱਚ।
- ✓ **ਸਰਲ:** ਤੁਸੀਂ ਇਸਨੂੰ ਬਿਨਾਂ ਕਿਤੇ ਜਾਣ ਜਾਂ ਕੰਮ ਤੋਂ ਛੁੱਟੀ ਲੈਣ ਦੀ ਲੋੜ ਦੇ, ਆਪਣੇ ਸੁਵਿਧਾਜਨਕ ਸਮੇਂ 'ਚ ਕਰ ਸਕਦੇ ਹੋ।

ਆਪਣੀ ਮੁਫ਼ਤ ਸਰਵਿਕਸ ਸਵੈ-ਸਕ੍ਰੀਨਿੰਗ ਕਿੱਟ ਕਿਵੇਂ ਪ੍ਰਾਪਤ ਕਰਨੀ ਹੈ			
ਵਿਕਲਪ 1	**ਆਨਲਾਈਨ:** QR ਕੋਡ ਸਕੈਨ ਕਰੋ ਜਾਂ ਇੱਥੇ ਜਾਓ **screeningbc.ca/requestkit** ਤੁਹਾਡਾ ਕਿੱਟ ਆਰਡਰ ਕੋਡ: **XXX-XXXXXXXX-XXX**	ਵਿਕਲਪ 2	**ਫ਼ੋਨ:** **1-877-702-6566** ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 8:00 ਵਜੇ – ਸ਼ਾਮ 5:30 ਵਜੇ ਸ਼ਨੀਵਾਰ: ਸਵੇਰੇ 8:30 ਵਜੇ – ਸ਼ਾਮ 4:30 ਵਜੇ
ਕਿਰਪਾ ਕਰਕੇ ਧਿਆਨ ਦਿਉ: ਜੇਕਰ ਤੁਹਾਨੂੰ ਸਰਵਾਈਕਲ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡੀ ਸਰਵਿਕਸ ਨਹੀਂ ਹੈ (ਉਦਾਹਰਨ ਲਈ, ਪੂਰੀ ਹਿਸਟਰੇਕਟੋਮੀ), ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਤੁਸੀਂ ਉੱਪਰ ਦਿੱਤੇ ਲਿੰਕ ਦੀ ਵਰਤੋਂ ਕਰਕੇ ਜਾਂ ਸਾਨੂੰ ਫ਼ੋਨ ਕਰਕੇ ਆਪਣੀ ਹਿਸਟਰੇਕਟੋਮੀ ਦੀ ਜਾਣਕਾਰੀ ਦੇ ਸਕਦੇ ਹੋ, ਜਿਸ ਨਾਲ ਭਵਿੱਖ ਵਿੱਚ ਸਰਵਿਕਸ ਸਕ੍ਰੀਨਿੰਗ ਦੀਆਂ ਯਾਦ-ਦਿਹਾਨੀਆਂ ਭੇਜਣੀਆਂ ਬੰਦ ਹੋ ਜਾਣਗੀਆਂ। ਹੋਰ ਜਾਣਕਾਰੀ ਲਈ ਪਿੱਛੇ ਵਾਲਾ ਪਾਸਾ ਵੇਖੋ।		

ਜੇ ਤੁਸੀਂ ਸਰਵਿਕਸ ਸਵੈ-ਸਕ੍ਰੀਨਿੰਗ ਪੂਰੀ ਨਹੀਂ ਕਰਨਾ ਚਾਹੁੰਦੇ, ਤਾਂ ਕਿਰਪਾ ਕਰਕੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਪੈਪ ਟੈਸਟ ਲਈ ਸਮਾਂ ਲਵੋ। ਆਪਣੇ ਨੇੜੇ ਕੋਈ ਕਲੀਨਿਕ ਲੱਭਣ ਲਈ www.screeningbc.ca/cervix 'ਤੇ ਜਾਓ।

ਸਰਵਿਕਸ ਸਕ੍ਰੀਨਿੰਗ ਪਹਿਲਾਂ ਕਦੇ ਇੰਨੀ ਆਸਾਨ ਨਹੀਂ ਰਹੀ। www.screeningstories.ca 'ਤੇ ਜਾਣੋ ਕਿ ਸਕ੍ਰੀਨਿੰਗ ਨੇ ਲੋਕਾਂ ਦੀ ਕਿਵੇਂ ਮਦਦ ਕੀਤੀ ਹੈ, ਅਤੇ ਸਕ੍ਰੀਨਿੰਗ ਕਿਵੇਂ ਕੰਮ ਕਰਦੀ ਹੈ ਇਸ ਬਾਰੇ ਹੋਰ ਜਾਣਨ ਲਈ www.screeningbc.ca 'ਤੇ ਜਾਓ। ਮੈਨੂੰ ਆਸ ਹੈ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋਗੇ ਅਤੇ ਅੱਜ ਹੀ ਸਕ੍ਰੀਨਿੰਗ ਕਰਵਾਉਗੇ।

ਸੁਹਿਰਦਤਾ ਸਹਿਤ,

Dr. Lily Proctor
Medical Director, Cervix Screening Program

SAMPLE

BC CANCER CERVIX SCREENING
Provincial Health Services Authority

ਸਰਵਿਕਸ ਸਕ੍ਰੀਨਿੰਗ ਲਈ ਸੱਦਾ

ਮੈਨੂੰ ਇਹ ਪੱਤਰ ਕਿਉਂ ਮਿਲਿਆ ਹੈ?

ਸਾਡੇ ਰਿਕਾਰਡਾ ਵਿਖਾਉਂਦੇ ਹਨ ਕਿ ਹੋ ਸਕਦਾ ਹੈ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਕਦੇ ਵੀ ਸਰਵਿਕਸ ਸਕ੍ਰੀਨਿੰਗ ਨਾ ਕਰਵਾਈ ਹੋਵੇ ਜਾਂ ਤੁਸੀਂ ਸਰਵਿਕਸ ਸਕ੍ਰੀਨਿੰਗ ਲਈ ਦੇਰੀ ਕਰ ਚੁੱਕੇ ਹੋਵੋ। 25 **ਤੋਂ** 69 ਸਾਲ ਦੀ ਉਮਰ ਦੇ ਹਰ ਕਿਸੇ ਨੂੰ, ਜਿਸਦੀ ਸਰਵਿਕਸ ਹੈ, ਨਿਯਮਿਤ ਤੌਰ 'ਤੇ ਸਰਵਿਕਸ ਦੀ ਕੈਂਸਰ ਦੀ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ। ਸਕ੍ਰੀਨਿੰਗ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੀ ਤੁਹਾਡੇ ਸਰਵਿਕਸ ਵਿੱਚ ਅਸਧਾਰਣ ਸੈੱਲ ਵਿਕਸਿਤ ਹੋਣ ਦਾ ਖ਼ਤਰਾ ਹੈ। ਅਸਧਾਰਣ ਸੈੱਲਾਂ ਨੂੰ ਜਲਦੀ ਲੱਭਣ ਅਤੇ ਇਲਾਜ ਕਰਨ ਨਾਲ ਕੈਂਸਰ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ। ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ 'ਤੇ, ਇਸ ਦੇ ਲੱਛਣ ਪੈਦਾ ਹੋਣ ਤੋਂ ਪਹਿਲਾਂ ਲੱਭ ਸਕਦੀ ਹੈ, , ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ।

ਸਰਵਾਈਕਲ ਕੈਂਸਰ ਦੀ ਸਕ੍ਰੀਨਿੰਗ ਕਿਸਨੂੰ ਨਹੀਂ ਕਰਵਾਉਣੀ ਚਾਹੀਦੀ?

ਜੇਕਰ ਤੁਹਾਨੂੰ ਪਹਿਲਾਂ ਸਰਵਾਈਕਲ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡੀ ਸਰਵਿਕਸ ਨਹੀਂ ਹੈ (ਜਿਵੇਂ ਕਿ ਪੂਰੀ ਹਿਸਟਰੇਕਟੋਮੀ), ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਜੇਕਰ ਸਕ੍ਰੀਨਿੰਗ ਦੀ ਹੁਣ ਲੋੜ ਨਹੀਂ ਰਹੀ, ਤਾਂ ਕਿਰਪਾ ਕਰਕੇ 1-877-702-6566 'ਤੇ ਜਾਂ screening@bccancer.bc.ca 'ਤੇ ਸਾਡੇ ਨਾਲ ਸੰਪਰਕ ਕਰੋ ਤਾਂ ਜੋ ਭਵਿੱਖ ਵਿੱਚ ਤੁਹਾਨੂੰ ਯਾਦ-ਦਿਹਾਨੀ ਸੂਚਨਾਵਾਂ ਭੇਜਣੀਆਂ ਬੰਦ ਕੀਤੀਆਂ ਜਾ ਸਕਣ।

ਜੇਕਰ ਤੁਹਾਨੂੰ ਸੰਭੋਗ ਤੋਂ ਬਾਅਦ, ਮਾਹਵਾਰੀ ਦੇ ਵਿਚਕਾਰ ਜਾਂ ਮੀਨੋਪੌਜ਼ ਤੋਂ ਬਾਅਦ ਖੂਨ ਆਉਂਦਾ ਹੈ; ਯੋਨੀ 'ਚੋਂ ਵਧ ਗਿਆ ਹੈ; ਪੇਡੂ ਵਿੱਚ ਦਰਦ ਜਾਂ ਸੰਭੋਗ ਦੌਰਾਨ ਦਰਦ ਹੁੰਦਾ ਹੈ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਨ੍ਹਾਂ ਲੱਛਣਾਂ ਬਾਰੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ। ਜੇ ਤੁਸੀਂ ਗਰਭਵਤੀ ਹੋ, ਤਾਂ ਆਪਣੇ ਵਿਕਲਪਾਂ ਅਤੇ ਸਕ੍ਰੀਨਿੰਗ ਦਾ ਸਹੀ ਸਮਾਂ ਜਾਣਨ ਲਈ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਤੁਸੀਂ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਹੈ?

Provincial Health Services Authority ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਉਹ ਸਰਕਾਰੀ ਸੰਸਥਾਵਾਂ ਅਤੇ ਸਿਹਤ ਪ੍ਰੋਫੈਸ਼ਨਲਾਂ ਤੋਂ ਸਬੰਧਿਤ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਦੇ ਹਾਂ ਜੋ ਸਿੱਧੇ ਤੌਰ 'ਤੇ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੁੰਦੇ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਸੰਬੰਧੀ ਪੱਤਰ ਕਦੋਂ ਭੇਜੇ ਜਾਣੇ ਚਾਹੀਦੇ ਹਨ ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜੇ ਪ੍ਰਦਾਨ ਕੀਤੇ ਜਾਣ। BC Cancer ਹਰ ਸਮੇਂ ਤੁਹਾਡੀ ਜਾਣਕਾਰੀ ਨੂੰ ਨਿੱਜੀ, ਗੁਪਤ ਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਅਸੀਂ ਇਸ ਜਾਣਕਾਰੀ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੋ ਜਾਂਦੇ ਹੋ ਤਾਂ ਤੁਹਾਨੂੰ ਸਕ੍ਰੀਨਿੰਗ ਬਾਰੇ ਵਿਚਾਰ ਕਰਨ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੇ ਅਗਲੇ ਸਕ੍ਰੀਨਿੰਗ ਟੈਸਟ ਦਾ ਸਮਾਂ ਕਦੋਂ ਹੈ; ਅਤੇ ,
- ਤੁਹਾਨੂੰ ਤੁਹਾਡੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਣਾ, ਜਿਸ ਵਿੱਚ ਫਾਲੋ-ਅੱਪ ਜਾਣਕਾਰੀ (ਜੇ ਲੋੜੀਂਦੀ ਹੋਵੇ) ਵੀ ਸ਼ਾਮਲ ਹੈ।

ਭਵਿੱਖ ਵਿੱਚ ਸਰਵਿਕਸ ਸਕ੍ਰੀਨਿੰਗ ਸੰਬੰਧੀ ਫੀਡਬੈਕ ਸਰਵੇਖਣ ਪੂਰੇ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਦੇਖਭਾਲਦੀ ਸੂਬਾਈ ਯੋਜਨਾ ਬਣਾਉਣ ਅਤੇ ਖੇਤਰੀ ਸੇਵਾਵਾਂ ਪ੍ਰਦਾਨ ਕਰਨ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵੀ ਸ਼ਾਮਲ ਹਨ। ਜੇ ਤੁਹਾਡੇ ਕੋਲ ਕੈਂਸਰ ਸਕ੍ਰੀਨਿੰਗ ਸੂਚਨਾਵਾਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ www.screeningbc.ca/notifications 'ਤੇ ਜਾਉ ।

ਮੇਰਾ ਪਤਾ ਬਦਲ ਗਿਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇਕਰ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ www.addresschange.gov.bc.ca 'ਤੇ ਜਾ ਕੇ ICBC ਅਤੇ Health Insurance BC ਨਾਲ ਇੱਕੋ ਸਮੇਂ ਆਪਣਾ ਪਤਾ ਅੱਪਡੇਟ ਕਰੋ।

Important information, please translate.
重要信息，请翻译。
ਮਹੱਤਵਪੂਰਨ ਜਾਣਕਾਰੀ, ਕਿਰਪਾ ਕਰਕੇ ਅਨੁਵਾਦ ਕਰੋ।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة .
Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفا ترجمه کنید.

B.C. Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਮੁਲਾਂਕਣ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇਕਰ ਤੁਹਾਡੇ ਆਪਣੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਅਤੇ ਵਰਤਣ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ScreeningBC.ca 'ਤੇ ਜਾਉ। ਜੇਕਰ ਇਹ ਜਾਣਕਾਰੀ ਤੁਹਾਨੂੰ ਗਲਤੀ ਨਾਲ ਮਿਲੀ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE